بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 23.11.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਮਨਮੋਹਕ ਤੇ ਮਨਭਾਉਂਦੀਆਂ ਗਲੱਾਂ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਨਵੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਤੋਂ ਫਿਰ ਮੈਂ ਬਦਰੀ ਸਹਾਬਾ ਦਾ ਵਰਨਣ ਮੁੜ ਅਰੰਭ ਕਰਾਂਗਾ । ਪਹਿਲਾਂ ਜਿਹੜੇ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹੈ ਸਨਾਨ ਬਿਨ ਅਬੀ ਸਨਾਨ । ਬਦਰ ਦੀ ਜੰਗ ਸਣੇ ਜਿੰਨ੍ਹੀਆਂ ਵੀ ਲੜਾਈਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਪੇਸ਼ ਆਈਆਂ ਉਹਨਾ ਸਾਰੀਆਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਬੈਅਤੇ ਰਿਜ਼ਵਾਨ ਵਿੱਚ ਸਭ ਤੋਂ ਪਹਿਲਾਂ ਕਿਸਨੇ ਬੈਅਤ ਕੀਤੀ ਇਸ ਵਿੱਚ ਮਤਿਭੇਦ ਪਾਇਆ ਜਾਂਦਾ ਹੈ ਪਰੰਤੂ ਵਾਕਦੀ ਅਨੁਸਾਰ ਹਜ਼ਰਤ ਸਨਾਨ ਬਿਨ ਅਬੀ ਸਨਾਨ ਨੇ ਸਭ ਤੋਂ ਪਹਿਲਾਂ ਬੈਅਤ ਕੀਤੀ । ਬੈਅਤੇ ਰਿਜ਼ਵਾਨ ਵਿੱਚ ਜੱਦ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਨੇ ਲੋਕਾਂ ਦੀ ਬੈਅਤ ਲੈਂਣੀ ਸ਼ੁਰੂ ਕੀਤੀ ਤਾਂ ਹਜ਼ਰਤ ਸਨਾਨ ਰਜ਼ੀ ਅਲੱਾਹ ਅਨਹੁ ਨੇ ਵੀ ਹੱਥ ਵਧਾਇਆ ਕਿ ਮੇਰੀ ਬੈਅਤ ਲੈਂਣ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿਹੜੀ ਚੀਜ਼ ਦੀ ਬੈਅਤ ਕਰਦੇ ਹੋ । ਹਜ਼ਰਤ ਸਨਾਨ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਕਿ ਫ਼ਤਹ ਹੋਣਾ ਜਾਂ ਸ਼ਹੀਦੀ ਪਾਉਂਣੀ । ਇਸ'ਤੇ ਹੋਰਨਾ ਲੋਕਾਂ ਨੇ ਵੀ ਆਖਣਾ ਸ਼ੁਰੂ ਕਰ ਦਿਤੱਾ ਕਿ ਅਸੀਂ ਵੀ ਇਸੇ ਗੱਲ'ਤੇ ਬੈਅਤ ਕਰਦੇ ਹਾਂ ਜਿਸ'ਤੇ ਹਜ਼ਰਤ ਸਨਾਨ ਰਜ਼ੀ ਅਲੱਾਹ ਅਨਹੁ ਨੇ ਬੈਅਤ ਕੀਤੀ ਹੈ । ਹਜ਼ਰਤ ਸਨਾਨ ਰਜ਼ੀ ਅਲੱਾਹ ਅਨਹੁ ਮਹਾਨ ਮਹਾਜਰ ਸਹਾਬਾ ਵਿੱਚੋਂ ਸਨ । ਤਲੈਹਾ ਬਿਨ ਖ਼ਵੀਲਦ ਨੇ ਨਬੁਵੱਤ ਦਾ ਦਾਵਾ ਕੀਤਾ । ਸਭ ਤੋਂ ਪਹਿਲਾਂ ਹਜ਼ਰਤ ਸਨਾਨ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਪਤੱਰ ਲਿਖੱਕੇ ਸੂਚਨਾ ਦਿੱਤੀ ਜੋ ਉਸ ਸਮੇਂ ਬਨੂ ਮਾਲਕ'ਤੇ ਕਾਰਕ ਸਨ ।

ਦੂਜੇ ਸਹਾਬੀ ਹਜ਼ਰਤ ਮਹਜਾ ਹਨ ਜੋ ਹਜ਼ਰਤ ਉਮਰ ਦੇ ਗ਼ੁਲਾਮ ਸਨ । ਬਦਰ ਦੀ ਜੰਗ ਵਿੱਚ ਸਭ ਤੋਂ ਪਹਿਲਾਂ ਸ਼ਹੀਦ ਹੋਏ । ਆਪ ਸਭ ਤੋਂ ਪਹਿਲੇ ਮੁਹਾਜਰਾਂ ਵਿੱਚੋਂ ਸਨ । ਹਜ਼ਰਤ ਸਈਦ ਬਿਨ ਮਸੈਬ ਦੀ ਰਿਵਾਇਤ ਹੈ

ਕਿ ਹਜ਼ਰਤ ਮਹਜਾ ਸ਼ਹੀਦ ਹੋਏ ਤਾਂ ਆਪ ਦੇ ਮੂੰਹ ਵਿੱਚ ਇਹ ਸ਼ਬਦ ਸਨ, 'ਅਨਾ ਮਹਜਾ ਵਾਲੀ ਰਬੀ ਅਰਜਾਅ' (اناَمهجعوالیربیارجع) ਕਿ ਮੈਂ ਮਹਜਾ ਹਾਂ ਅਤੇ ਆਪਣੇ ਰੱਬ ਵੱਲ ਪਰਤਨ ਵਾਲਾ ਹਾਂ ।

ਫਿਰ ਹਜ਼ਰਤ ਆਮਰ ਬਿਨ ਮਖ਼ਲਦ ਇਕ ਸਹਾਬੀ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੇ ਦਿਨ ਇਹ ਸ਼ਹੀਦ ਹੋਏ ।

ਫਿਰ ਇਕ ਸਹਾਬੀ ਸਨ ਹਜ਼ਰਤ ਹਾਤਬ ਬਿਨ ਉਮਰੋ ਬਿਨ ਅਬਦੁਸ਼ ਸ਼ਮਸ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਦਾਰਿ ਅਰਕਮ ਵਿੱਚ ਆਉਣ ਤੋਂ ਪਹਿਲਾਂ ਆਪ ਹਜ਼ਰਤ ਅਬੂ ਬਕਰ ਸਿੱਦੀਕ ਦੇ ਪ੍ਰਚਾਰ ਨਾਲ ਇਸਲਾਮ ਵਿੱਚ ਆਏ ਸਨ । ਹਬਸ਼ਾ ਦੀ ਧਰਤੀ ਵੱਲ ਦੋ ਵਾਰ ਹਿਜਰਤ ਕੀਤੀ ਅਤੇ ਇਕ ਰਿਵਾਇਤ ਅਨੁਸਾਰ ਪਹਿਲੀ ਹਿਜਰਤ ਵਿੱਚ ਸਭ ਤੋਂ ਪਹਿਲਾਂ ਜੋ ਵਿਅਕਤੀ ਹਬਸ਼ਾ ਦੇਸ਼ ਵਿੱਚ ਆਏ ਉਹ ਹਜ਼ਰਤ ਹਾਤਬ ਬਿਨ ਉਮਰੋ ਬਿਨ ਅਦੁਸ਼ ਸ਼ਮਸ ਸਨ । ਬਦਰ ਦੀ ਜੰਗ ਵਿੱਚ ਆਪਣੇ ਭਰਾ ਹਜ਼ਰਤ ਸਲੈਦ ਬਿਨ ਉਮਰੋ ਨਾਲ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ ਸਨ ।

ਫਿਰ ਇਕ ਸਹਾਬੀ ਸਨ ਹਜ਼ਰਤ ਅਬੂ ਹਜ਼ੀਮਾ ਬਿਨ ਓਸ । ਇਹਨਾ ਨੇ ਬਦਰ ਦੀ ਜੰਗ ਵਿੱਚ ਉਹਦ ਦੀ ਜੰਗ ਵਿੱਚ ਅਤੇ ਖ਼ੰਦਕ ਦੀ ਜੰਗ ਸਮੇਤ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਇਹਨਾ ਦੀ ਵਫ਼ਾਤ ਹਜ਼ਰਤ ਉਸਮਾਨ ਦੀ ਖ਼ਿਲਾਫ਼ਤ ਸਮੇਂ ਹੋਈ ।

ਫਿਰ ਇਕ ਸਹਾਬੀ ਹਨ ਹਜ਼ਰਤ ਤਮੀਮ ਮੌਲਾ ਖ਼ਰਾਸ਼ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਮੁੰਜ਼ਰ ਬਿਨ ਕਦਾਮਾ ਇਕ ਸਹਾਬੀ ਸਨ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਹਾਰਸ ਬਿਨ ਹਾਤਬ ਇਕ ਸਹਾਬੀ ਸਨ । ਹਜ਼ਰਤ ਹਾਰਸ ਬਿਨ ਹਾਤਬ ਅਤੇ ਹਜ਼ਰਤ ਅਬੁਲਬਾਬਾ ਬਿਨ ਅਬਦੁਲ ਮੁੰਜ਼ਰ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਬਦਰ ਦੀ ਜੰਗ ਲਈ ਜਾ ਰਹੇ ਸਨ ਕਿ ਰੋਹਾ ਦੇ ਸਥਾਨ ਉਪੱਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੁਲਬਾਬਾ ਬਿਨ ਅਬਦੁਲ ਮੁੰਜ਼ਰ ਨੂੰ ਮਦੀਨੇ ਦਾ ਹਾਕਮ ਜੱਦ ਕਿ ਹਜ਼ਰਤ ਹਾਰਸ ਬਿਨ ਹਾਤਬ ਨੂੰ ਕਬੀਲਾ ਬਨੂ ਉਮਰੋ ਬਿਨ ਔਫ਼ ਦਾ ਅਮੀਰ (ਪ੍ਰਧਾਨ) ਬਣਾਕੇ ਮਦੀਨੇ ਵਾਪਸ ਭਿਜਵਾ ਦਿਤੱਾ ਪਰ ਇਹਨਾ ਦੋਵੇਂ ਸਹਾਬਾ ਨੂੰ ਬਦਰ ਵਿੱਚ ਸ਼ਾਮਲ ਕਰਦਿਆਂ ਹੋਇਆਂ ਮਾਲੇ ਗ਼ਨੀਮਤ ਵਿੱਚੋਂ ਹਿਸੱਾ ਦਿਤੱਾ । ਹਜ਼ਰਤ ਹਾਰਸ ਬਿਨ ਹਾਤਬ ਨੂੰ ਬਦਰ, ਉਹਦ ਤੇ ਖ਼ੰਦਕ ਸਮੇਤ ਬੈਅਤੇ ਰਿਜ਼ਵਾਨ ਵਿੱਚ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਖ਼ੈਬਰ ਦੀ ਜੰਗ ਦੌਰਾਨ ਇਕ ਯਹੂਦੀ ਨੇ ਕਿਲੇ ਦੇ ਉਪੱਰੋਂ ਤੀਰ ਮਾਰਿਆ ਜੋ ਕਿ ਹਜ਼ਰਤ ਹਾਰਸ ਬਿਨ ਹਾਤਬ ਦੇ ਸਿਰ'ਤੇ ਲਗੱਾ ਜਿਸ ਨਾਲ ਆਪ ਸ਼ਹੀਦ ਹੋ ਗਏ ।

ਹਜ਼ਰਤ ਸਾਲਬਾ ਬਿਨ ਜ਼ੈਦ ਇਕ ਸਹਾਬੀ ਸਨ ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਖ਼ਜ਼ਰਜ ਨਾਲ ਹੈ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਬਹੁਤ ਮਜ਼ਬੂਤ ਦਿਲ, ਨਿਸ਼ਚੇ ਤੇ ਹਿਮੱਤ ਦੇ ਮਾਲਕ ਸਨ ।

ਹਜ਼ਰਤ ਅਕਬਾ ਬਿਨ ਵਹਬ ਇਕ ਸਹਾਬੀ ਸਨ । ਬਦਰ, ਉਹਦ ਤੇ ਖ਼ੰਦਕ ਸਮੇਤ ਸਾਰੀਆਂ ਜੰਗਾ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ਸਨ । ਮਦੀਨੇ ਵਿੱਚ ਯਹੂਦ ਦਾ ਇਕ ਜਥੱਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਮਿਲਣ ਲਈ ਆਇਆ । ਆਪ ਨੇ ਉਹਨਾ ਨੂੰ ਪ੍ਰਚਾਰ ਕੀਤਾ ਜਿਸ ਦਾ ਉਹਨਾ ਨੇ ਖੁੱਲੇ ਰੂਪ ਵਿੱਚ ਇਨਕਾਰ ਕੀਤਾ ਇਸ'ਤੇ ਜਿੰਨ੍ਹਾ ਸਹਾਬਾ ਨੇ ਉਹਨਾ ਨੂੰ ਇਕ ਖੁੱਲੇ ਇਨਕਾਰ'ਤੇ ਮਲਾਮਤ ਕੀਤਾ ਉਹਨਾਂ ਵਿੱਚ ਹਜ਼ਰਤ ਅਕਬਾ ਬਿਨ ਵਹਬ ਵੀ ਸ਼ਾਮਲ ਸਨ ।

ਫਿਰ ਇਕ ਸਹਾਬੀ ਹਨ ਹਜ਼ਰਤ ਹਬੀਬ ਬਿਨ ਅਸਵਦ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਹਜ਼ਰਤ ਹਸੀਮਾ ਅੰਸਾਰੀ ਇਕ ਸਹਾਬੀ ਸਨ । ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਰਹੇ । ਆਪ ਨੇ ਹਜ਼ਰਤ ਮੁਆਵੀਆਹ ਬਿਨ ਅਬੀ ਸੁਫ਼ਯਾਨ ਦੇ ਦੌਰ ਵਿੱਚ ਵਫ਼ਾਤ ਪਾਈ ।

ਹਜ਼ਰਤ ਰਾਫ਼ਿਅ ਬਿਨ ਹਾਰਸ ਇਕ ਸਹਾਬੀ ਸਨ । ਬਦਰ ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਸਲਲੱਾਹੁ ਅਲਹਿ ਵਸਲਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਉਸਮਾਨ ਦੀ ਖ਼ਿਲਾਫ਼ਤ ਸਮੇਂ ਇਹਨਾ ਦੀ ਵਫ਼ਾਤ ਹੋਈ ।

ਫਿਰ ਹਜ਼ਰਤ ਰਖ਼ੀਲਾ ਬਿਨ ਸਾਲਬਾ ਅੰਸਾਰੀ ਇਕ ਬਦਰੀ ਸਹਾਬਾ ਸਨ । ਇਹਨਾ ਦਾ ਨਾਂ ਵੀ ਵੱਖ ਵੱਖ ਢੰਗਾ ਨਾਲ ਬਿਆਨ ਕੀਤਾ ਜਾਂਦਾ ਹੈ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਜੰਗੇ ਸ਼ਫੇਨ ਵਿੱਚ ਹਜ਼ਰਤ ਅਲੀ ਦੇ ਨਾਲ ਸਨ ।

ਫਿਰ ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਨ ਰਿਯਾਬ ਇਕ ਸਹਾਬੀ ਸਨ । ਹਜ਼ਰਤ ਜਾਬਰ ਨੂੰ ਉਹਨਾ ਛੇ ਵਿਅਕਤੀਆਂ ਵਿੱਚ ਵਰਨਣ ਕੀਤਾ ਜਾਂਦਾ ਹੈ ਜੋ ਅੰਸਾਰ ਵਿੱਚੋਂ ਸਭ ਤੋਂ ਪਹਿਲਾਂ ਮੱਕੇ ਵਿੱਚ ਇਸਲਾਮ ਲਿਆਏ । ਹਜ਼ਰਤ ਜਾਬਰ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਉਹਨਾਂ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀਆਂ ਹਦੀਸਾਂ ਵੀ ਵਰਨਣ ਕੀਤੀਆਂ ਹਨ । ਬੈਅਤੇ ਉਕਬਾ ਉਲਾ ਵਿੱਚ ਅੰਸਾਰ ਵਿੱਚੋਂ ਸਭ ਤੋਂ ਪਹਿਲਾਂ ਜੋ ਇਸਲਾਮ ਲਿਆਏ ਉਹ ਇਹੋ ਸਨ ।

ਹਜ਼ਰਤ ਸਾਬਤ ਬਿਨ ਅਕਰਮ ਬਿਨ ਸਾਲਬਾ ਇਕ ਸਹਾਬੀ ਸਨ । ਆਪ ਬਦਰ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ । ਜੰਗੇ ਮੌਤਾ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੀ ਸ਼ਹੀਦੀ ਦੇ ਬਾਦ ਇਸਲਾਮੀ ਝੰਡਾ ਹਜ਼ਰਤ ਸਾਬਤ ਬਿਨ ਅਕਰਮ ਨੇ ਚੁੱਕਿਆ ਅਤੇ ਕਿਹਾ ਕਿ ਹੇ, ਮੁਸਲਾਨਾ ਦੇ ਦਲ ! ਆਪਣੇ ਵਿੱਚੋਂ ਕਿਸੇ ਇਕ ਨੂੰ ਆਪਣਾ ਸਰਦਾਰ ਬਣਾ ਲਓ । ਲੋਕਾਂ ਨੇ ਕਿਹਾ ਕਿ ਅਸੀਂ ਆਪ ਨੂੰ ਨਿਯੁਕਤ ਕਰਨਾ ਚਾਹੁੰਦੇ ਹਾਂ । ਆਪ ਨੇ ਕਿਹਾ ਕਿ ਮੈਂ ਅਜਿਹਾ ਨਹੀਂ ਕਰ ਸਕਦਾ । ਇਸ'ਤੇ ਲੋਕਾਂ ਨੇ ਹਜ਼ਰਤ ਖ਼ਾਲਦ ਬਿਨ ਵਲੀਦ ਨੂੰ ਆਪਣਾ ਸਰਦਾਰ ਨਿਯੁਕਤ ਕਰ ਲਿਆ । ਇਤਿਹਾਸ ਵਿੱਚ ਆਉਂਦਾ ਹੈ ਕਿ ਜੰਗੇ ਮੌਤਾ ਦੇ ਮੌਕੇ ਜੱਦ ਮੁਸਲਮਾਨਾ ਨੇ ਦੁਸ਼ਮਣਾ ਦਾ ਲਸ਼ਕਰ ਦੇਖਿਆ ਤਾਂ ਉਸ ਦੀ ਗਿਣਤੀ ਤੇ ਸਮਾਨ ਨੂੰ ਦੇਖਕੇ ਉਹਨਾ ਨੇ ਗੁਮਾਨ ਕੀਤਾ ਕਿ ਇਸ ਲਸ਼ਕਰ ਦਾ ਕੋਈ ਮੁਕਾਬਲਾ ਨਹੀਂ । ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਦੁਸ਼ਮਣਾ ਦਾ ਲਸ਼ਕਰ ਦੇਖਕੇ ਮੇਰੀਆਂ ਅਖੱਾਂ ਚੁੰਧਿਆ ਗਈਆਂ, ਇਸ'ਤੇ ਹਜ਼ਰਤ ਸਾਬਤ ਬਿਨ ਅਕਰਮ ਨੇ ਮੈਨੂੰ ਕਿਹਾ ਕਿ ਹੇ, ਅਬੂ ਹੁਰੈਰਾ ! ਤੇਰੀ ਹਾਲਤ ਇਉਂ ਲਗੱਦੀ ਹੈ ਜਿਵੇਂ ਤੂੰ ਕੋਈ ਬਹੁਤ ਵਡੱਾ ਲਸ਼ਕਰ ਦੇਖ ਲਿਆ ਹੈ । ਮੈਂ ਕਿਹਾ ਹਾਂ । ਇਸ'ਤੇ ਹਜ਼ਰਤ ਸਾਬਤ ਨੇ ਕਿਹਾ ਕਿ ਤੁਸੀਂ ਸਾਡੇ ਨਾਲ ਬਦਰ ਵਿੱਚ ਸ਼ਾਮਲ ਨਹੀਂ ਹੋਏ ? ਸਾਨੂੰ ਉੱਥੇ ਬਹੁਤੀ ਗਿਣਤੀ ਕਰਕੇ ਸਫ਼ਲਤਾ ਨਹੀਂ ਮਿਲੀ ਸੀ ਸਗੋਂ ਉਹ ਤਾਂ ਰੱਬ ਦੀ ਮਿਹਰ ਨਾਲ ਮਿਲੀ ਸੀ ਅਤੇ ਇੱਥੇ ਵੀ ਇਹੋ ਹੋਵੇਗਾ ।

ਹਜ਼ਰਤ ਅਬੂ ਬਕਰ ਦੀ ਖ਼ਿਲਾਫ਼ਤ ਵਿੱਚ ਹਜ਼ਰਤ ਖ਼ਾਲਿਦ ਬਿਨ ਵਲੀਦ ਦੇ ਨਾਲ ਆਪ ਮੁਰਤਦ ਹੋ ਜਾਣ ਵਾਲਿਆਂ ਵੱਲ ਰਵਾਨਾ ਹੋਏ । ਜੱਦ ਆਪ ਉਸ ਕੌਮ ਕੋਲ ਪਹੁੰਚੇ ਜੋ ਬਦਾਖ਼ਾ ਸਥਾਨ ਉਪੱਰ ਸੀ ਤਾਂ ਆਪ ਹਜ਼ਰਤ ਅਕਾਸ਼ਾ ਬਿਨ ਮਹਸਨ ਅਤੇ ਹਜ਼ਰਤ ਸਾਬਤ ਬਿਨ ਅਕਰਮ ਨੂੰ ਮੁਖ਼ਬਰ ਬਣਾਕੇ ਭੇਜਿਆ ਕਿ ਦੁਸ਼ਮਣ ਦੀ ਖ਼ਬਰ

ਲਿਆਉਣ ਅਤੇ ਦੋਵੇਂ ਘੋੜਿਆਂ ਉਪੱਰ ਸਵਾਰ ਸਨ । ਇਹਨਾ ਦੋਹਾਂ ਦਾ ਸਾਹਮਣਾ ਤਲੈਹਾ ਅਤੇ ਉਸਦੇ ਭਰਾ ਸਲਮਾ ਨਾਲ ਹੋਇਆ । ਇਹ ਇਹਨਾ ਵਾਂਗ ਹੀ ਮੁਖ਼ਬਰੀ ਕਰਨ ਲਈ ਲਸ਼ਕਰ ਤੋਂ ਅੱਗੇ ਆਏ ਹੋਏ ਸਨ । ਤਲੈਹਾ ਦਾ ਸਾਹਮਣਾ ਹਜ਼ਰਤ ਅਕਾਸ਼ਾ ਨਾਲ ਹੋਇਆ ਅਤੇ ਸਲਮਾ ਦਾ ਹਜ਼ਰਤ ਸਾਬਤ ਨਾਲ । ਇਹਨਾ ਦੋਹਾਂ ਨੇ ਦੋਵੇਂ ਸਹਾਬਾ ਨੂੰ ਸ਼ਹੀਦ ਕਰ ਦਿਤੱਾ ।

ਫਿਰ ਹਜ਼ਰਤ ਸਲਮਾ ਬਿਨ ਸਲਾਮਾ ਬਦਰੀ ਸਹਾਬੀ ਸਨ । ਆਪ ਉਹਨਾਂ ਪਹਿਲੇ ਲੋਕਾਂ ਵਿੱਚੋਂ ਸਨ ਜੋ ਮਦੀਨੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਇਮਾਨ ਲਿਆਏ ਸਨ । ਬੈਅਤੇ ਉਕਬਾ ਊਲਾ ਅਤੇ ਸਾਨੀਆ ਵਿੱਚ ਸ਼ਾਮਲ ਹੋਏ । ਆਪ ਨੂੰ ਬਦਰ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲਾਹੁ ਅਲੈਹਿ ਵਸਲਮ ਦੇ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ । ਹਜ਼ਰਤ ਉਮਰ ਨੇ ਆਪ ਨੂੰ ਆਪਣੇ ਖ਼ਿਲਾਫ਼ਤ ਕਾਲ ਵਿੱਚ ਯਮਾਮਾ ਦਾ ਹੁਕੁਮਰਾਨ ਨਿਯੁਕਤ ਕੀਤਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਲਮਾ ਬਿਨ ਸਲਾਮਾ ਅਤੇ ਅਬੂ ਸਬਰਾ ਬਿਨ ਅਬੀ ਰਹਮ ਵਿੱਚ ਭਾਈਬੰਦੀ ਕਰਾਈ । ਆਪਨੇ ਬਚਪਨ ਵਿੱਚ ਇਕ ਯਹੂਦੀ ਵਿਦਵਾਨ ਤੋਂ ਮੱਕੇ ਵਿੱਚ ਇਕ ਨਬੀ ਦੇ ਆਉਣ ਦੀ ਖ਼ਬਰ ਸੁਣੀ ਸੀ । ਸੋ, ਜੱਦ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਪ੍ਰਕਟ ਹੋਏ ਅਤੇ ਆਪਜੀ ਦੇ ਉਥੱਾਨ ਦੀ ਖ਼ਬਰ ਮਿਲੀ ਤਾਂ ਇਮਾਨ ਲੈ ਆਏ । ਹਜ਼ਰਤ ਉਸਮਾਨ ਦੇ ਜੁੱਗ ਵਿੱਚ ਜੱਦ ਫ਼ਿਤਨਿਆ ਨੇ ਸਿਰ ਚੁੱਕਿਆ ਤਾਂ ਆਪ ਨੇ ਪਰਦਾ ਨਸ਼ੀਨੀ ਧਾਰਨ ਕਰ ਲਈ । ਆਪ ਦੀ ਵਫ਼ਾਤ ਮਦੀਨੇ ਵਿੱਚ 74 ਸਾਲ ਦੀ ਉਮਰ ਵਿੱਚ ਹੋਈ ।

ਫਿਰ ਹਜ਼ਰਤ ਜਬਰ ਬਿਨ ਅਤੀਕ ਇਕ ਬਦਰੀ ਸਹਾਬੀ ਸਨ । ਬਦਰ ਅਤੇ ਸਾਰੀਆਂ ਜੰਗਾਂ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ਸਨ । ਆਂਹਜ਼ਤ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਤੱਕ ਮਦੀਨੇ ਵਿੱਚ ਹੀ ਰਹੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜਬਰ ਬਿਨ ਅਤੀਕ ਅਤੇ ਖ਼ਬਾਬ ਬਿਨ ਅਰਤ ਵਿਚਕਾਰ ਭਾਈਬੰਦੀ ਕਰਾਈ । ਆਪ ਦੀ ਵਫ਼ਾਤ 61 ਹਿਜਰੀ ਵਿੱਚ ਯਜ਼ੀਦ ਬਿਨ ਬਿਨ ਮੁਆਵੀਯਾਹ ਦੇ ਦੌਰ ਵਿੱਚ 71 ਸਾਲ ਦੀ ਉਮਰ ਵਿੱਚ ਹੋਈ ।

ਫਿਰ ਹਜ਼ਰਤ ਸਾਬਤ ਬਿਨ ਸਾਲਬਾ ਹਨ । ਆਪ ਸਤੱਰ ਅੰਸਾਰਾਂ ਨਾਲ ਉਕਬਾ ਸਾਨੀਆ ਵਿੱਚ ਹਾਜ਼ਰ ਹੋਏ । ਬਦਰ, ਉਹਦ, ਖ਼ੰਦਕ, ਹੁਦੈਬੀਆਹ, ਖ਼ੈਬਰ, ਫ਼ਤਹਿ ਮਕੱਾ ਅਤੇ ਤਾਇਫ਼ ਦੀਆਂ ਜੰਗਾਂ ਵਿੱਚ ਆਪ ਆਂਹਜ਼ਤ ਸਲਲੱਾਹੁ ਅਲੈਅਹਿ ਵਸਲਮ ਦੇ ਨਾਲ ਸਨ । ਤਾਇਫ਼ ਦੀ ਜੰਗ ਵਿੱਚ ਆਪ ਸ਼ਹੀਦ ਹੋਏ ।

ਫਿਰ ਇਕ ਸਹਾਬੀ ਹਨ ਹਜ਼ਰਤ ਸੁਹੈਲ ਬਿਨ ਵਹਬ । ਅਰੰਭਕ ਜੁੱਗ ਵਿੱਚ ਇਸਲਾਮ ਲਿਆਏ । ਇਸਲਾਮ ਲਿਆਉਣ ਦੇ ਬਾਦ ਹਬਸ਼ਾ ਵੱਲ ਹਿਜਰਤ ਕੀਤੀ । ਜੱਦ ਇਸਲਾਮ ਦਾ ਖ਼ੁੱਲੇ ਤੌਰ'ਤੇ ਪ੍ਰਚਾਰ ਹੋਣ ਲਗੱਾ ਤਾਂ ਮੱਕੇ ਵਾਪਸ ਪਰਤ ਆਏ ਅਤੇ ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਮਦੀਨੇ ਗਏ । ਆਪ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਇਹਨਾ ਦੀ ਮਦੀਨੇ ਵਿੱਚ ਵਫ਼ਾਤ ਹੋਈ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ।

ਫਿਰ ਹਜ਼ਰਤ ਤੁਫ਼ੈਲ ਬਿਨ ਹਾਰਸ ਇਕ ਸਹਾਬੀ ਸਨ । ਆਪ ਆਪਣੇ ਭਰਾ ਹਜ਼ਰਤ ਉਬੈਦਹ ਅਤੇ ਹਜ਼ਰਤ ਹਸੀਬ ਦੇ ਨਾਲ ਬਦਰ, ਉਹਦ ਤੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲ ਦੇ ਨਾਲ ਸ਼ਾਮਲ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਤੁਫ਼ੈਲ ਬਿਨ ਹਾਰਸ ਅਤੇ ਹਜ਼ਰਤ ਮੁੰਜ਼ਰ ਬਿਨ ਮੁਹਮੱਦ ਵਿਚਕਾਰ ਭਾਈਬੰਦੀ ਕਰਾਈ । ਆਪ ਦੀ ਵਫ਼ਾਤ 70 ਸਾਲ ਦੀ ਉਮਰ ਵਿੱਚ 32 ਹਿਜਰੀ ਨੂੰ ਹੋਈ ।

ਫਿਰ ਇਕ ਸਹਾਬੀ ਹਨ ਹਜ਼ਰਤ ਅਬੂ ਸਲੈਦਾ ਸੀਰਤ ਬਿਨ ਉਮੱਰੋ । ਬਦਰ ਅਤੇ ਹੋਰਨਾ ਜੰਗਾ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਰਹੇ । ਆਪ ਦੇ ਪੁਤੱਰ ਅਬਦੁਲੱਾਹ ਰਿਵਾਇਤ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਗਧੇ ਦਾ ਮਾਸ ਖਾਣ ਤੋਂ ਮਨਾ ਕੀਤਾ ਸੀ ਅਤੇ ਉਸ ਸਮੇਂ ਦੇਗਾਂ ਚੜ੍ਹੀਆਂ ਹੋਈਆਂ ਸਨ ਜਿੰਨ੍ਹਾ ਵਿੱਚ ਗਧੇ ਦਾ ਮਾਸ ਪੱਕ ਰਿਹਾ ਸੀ ਤਾਂ ਅਸੀਂ ਲੋਕਾਂ ਨੇ ਉਹਨਾ ਦੇਗਾਂ ਨੂੰ ਪਲਟਾ ਦਿਤੱਾ ।

ਇਕ ਹਜ਼ਰਤ ਸਾਲਬਾ ਬਿਨ ਹਾਤਬ ਅੰਸਾਰੀ ਇਕ ਸਹਾਬੀ ਸਨ । ਬਦਰ ਤੇ ਉਹਦ ਅਤੇ ਕਈ ਹੋਰਨਾ ਜੰਗਾਂ ਵਿੱਚ ਸ਼ਾਮਲ ਹੋਏ । ਆਪ ਬਾਰੇ ਰਿਵਾਇਤ ਆਉਂਦੀ ਹੈ ਕਿ ਆਪ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਿਨਤੀ ਕੀਤ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੁਆ ਕਰਨ ਕਿ ਰੱਬ ਮੈਂਨੂੰ ਮਾਲ ਪ੍ਰਦਾਨ ਕਰੇ । ਆਪ ਉਸ ਨੂੰ ਟਾਲਦੇ ਰਹੇ ਇੱਥੋਂ ਤੱਕ ਕਿ ਉਹਨਾ ਨੇ ਤੀਜੀ ਵਾਰ ਇਹੋ ਪ੍ਰਸ਼ਨ ਕੀਤਾ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਪ ਲਈ ਦੁਆ ਕੀਤੀ । ਇਸ ਦੁਆ ਦੀ ਬਰਕਤ ਨਾਲ ਆਪ ਨੂੰ ਐਨ੍ਹਾ ਮਾਲ ਮਿਲਿਆ ਕਿ ਵਾਦੀ ਬਕਰੀਆਂ ਨਾਲ ਭਰ ਗਈ ਅਤੇ ਆਪ ਦੀ ਅਸਰ ਤੇ ਜੁਮਏ ਦੀ ਨਾਮਜ਼ ਛੁੱਟ ਗਈ । ਇਕ ਵਾਰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਜ਼ਕਾਤ ਲੈਂਣ ਲਈ ਕੁਝ ਵਿਅਕਤੀਆਂ ਨੂੰ ਆਪ ਦੇ ਕੋਲ ਭੇਜਿਆ ਤਾਂ ਉਹਨਾ ਦੇ ਟਾਲਮਟੋਲ ਨਾਲ ਕੰਮ ਲਿਆ । ਜਿਸ'ਤੇ ਜ਼ਕਾਤ ਨ ਦੇਣ ਵਾਲਿਆਂ ਬਾਰੇ ਕੁਰਆਨ ਕਰੀਮ ਵਿੱਚ ਆਇਤਾਂ ਨਾਜ਼ਲ ਹੋਈਆਂ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸੇ ਗੱਲ ਵੱਲ ਮੇਰੇ ਮਨ ਵਿੱਚ ਵਿਚਾਰ ਲੰਘਿਆ ਕਿ ਇਕ ਬਦਰੀ ਸਹਾਬੀ ਜਿਸ ਦੀ ਬਖ਼ਸ਼ਿਸ਼ ਦੀ ਖ਼ਬਰ ਰੱਬ ਨੇ ਦਿੱਤੀ ਹੋਵੇ, ਨਹੀਂ ਹੋ ਸਕਦਾ । ਸੋ, ਅਲੱਾਮਾ ਇਬਨੇ ਹਜਰ ਅਸਕਲਾਨੀ ਰਹਿਮਾਹੁਲੱਾਹ ਨੇ ਖੋਜ ਰਾਹੀਂ ਸਾਬਤ ਕੀਤਾ ਹੈ ਕਿ ਇਹ ਮਿਲਦੇ ਜੁਲਦੇ ਨਾਵਾਂ ਵਾਲੇ ਦੋ ਵੱਖ ਵੱਖ ਵਿਅਕਤੀ ਹਨ ਅਤੇ ਇਹ ਘਟਨਾ ਸਾਲਬਾ ਬਿਨ ਅਬੀ ਹਾਤਬ ਦੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਅਲੱਾਮਾ ਇਬਨੇ ਹਜਰ ਅਸਕਲਾਨੀ ਨੂੰ ਚੰਗਾ ਵਟਾਂਦਰਾ ਪ੍ਰਦਾਨ ਕਰੇ ਕਿ ਉਹਨਾ ਨੇ ਇਸ ਮਸਲੇ ਨੂੰ ਬਹੁਤ ਖੋਲ੍ਹਕੇ ਵਰਨਣ ਕਰ ਦਿਤੱਾ ਅਤੇ ਇਹ ਜੋ ਆਰੋਪ ਲੱਗ ਰਿਹਾ ਸੀ ਇਸ ਬਦਰੀ ਸਹਾਬੀ ਉਪੱਰ, ਇਸ ਤੋਂ ਉਹਨਾ ਦਾ ਬਰੀ ਹੋਣਾ ਸਾਬਤ ਹੋ ਗਿਆ ।

ਫਿਰ ਇਕ ਸਹਾਬੀ ਹਨ ਹਜ਼ਰਤ ਸਾਦ ਬਿਨ ਉਸਮਾਨ ਬਿਨ ਖ਼ਲਦਹ ਅੰਸਾਰੀ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਉਹਨਾ ਵਿਅਕਤੀਆਂ ਵਿੱਚੋਂ ਹਨ ਜਿੰਨ੍ਹਾ ਦੇ ਪੈਰ੍ਹ ਉਹਦ ਦੀ ਜੰਗ ਵਿੱਚ ਉਖੜ ਗਏ ਸਨ ਅਤੇ ਫਿਰ ਅਲੱਾਹ ਤਆਲਾ ਨੇ ਇਹਨਾ ਸਾਰਿਆਂ ਦੀ ਮੁਆਫ਼ੀ ਕੁਰਆਨ ਕਰੀਮ ਵਿੱਚ ਨਾਜ਼ਲ ਕੀਤੀ । ਵਫ਼ਾਤ ਸਮੇਂ ਆਪ ਦੀ ਉਮਰ **80** ਸਾਲ ਸੀ ।

ਫਿਰ ਇਕ ਸਹਾਬੀ ਹਜ਼ਰਤ ਆਮਰ ਬਿਨ ਉਮਯੱਾ ਹਨ । ਬਦਰ ਵਿੱਚ ਸ਼ਾਮਲ ਸਨ ਅਤੇ ਉਹਦ ਵਿੱਚ ਸ਼ਹੀਦ ਹੋਏ । ਹਜ਼ਰਤ ਹਸ਼ੱਾਮ ਬਿਨ ਆਮਰ ਤੋਂ ਰਿਵਾਇਤ ਹੈ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਉਹਦ ਦੇ ਸ਼ਹੀਦਾ ਨੂੰ ਦਫ਼ਨਾਉਨ ਬਾਰੇ ਪੁੱਛਿਆ ਗਿਆ ਤਾਂ ਆਪ ਨੇ ਫ਼ਰਮਾਇਆ ਕਿ ਵੱਡੀ ਕਬਰ ਪੁੱਟੋ ਅਤੇ ਦੋ ਜਾਂ ਤਿੰਨਾ ਨੂੰ ਇਕ ਕਬਰ ਵਿੱਚ ਉਤਾਰੋ । ਫ਼ਰਮਾਇਆ ਕਿ ਜਿਸਨੂੰ ਕੁਰਆਨ ਕਰੀਮ ਬਹੁਤਾ ਆਉਂਦਾ ਹੋਵੇ ਉਸ ਨੂੰ ਪਲਿਾਂ ਉਤਾਰੋ । ਹਜ਼ਰਤ ਆਮਰ ਬਿਨ ਓਮਯੱਾ ਨੂੰ ਦੋ ਵਿਅਕਤੀਆਂ ਤੋਂ ਪਹਿਲਾਂ ਕਬਰ ਵਿੱਚ ਉਤਾਰਿਆ ਗਿਆ ।

ਹਜ਼ਰਤ ਉਮਰ ਬਿਨ ਅਬੀ ਸਰਾਹ ਇਕ ਸਹਾਬੀ ਸਨ । **30** ਹਿਜਰੀ ਨੂੰ ਪਵਿਤੱਰ ਮਦੀਨੇ ਵਿੱਚ ਹਜ਼ਰਤ ਉਸਮਾਨ ਦੇ ਦੌਰ ਵਿੱਚ ਇਹਨਾ ਦੀ ਵਫ਼ਾਤ ਹੋਈ । ਬਦਰ, ਉਹਦ, ਖ਼ੰਦਕ ਅਤੇ ਹੋਰਨਾ ਸੰਘਰਸ਼ਾਂ ਵਿੱਚ ਵੀ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ।

ਫਿਰ ਹਜ਼ਰਤ ਅਸਮਾਅ ਬਿਨ ਹੁਸੈਨ ਇਕ ਸਹਾਬੀ ਸਨ ਪਦਰ ਵਿੱਚ ਸ਼ਾਮਲ ਹੋਏ ਸਨ ।

ਫਿਰ ਹਜ਼ਰਤ ਖ਼ਲੀਫ਼ਾ ਬਿਨ ਅਦੀ ਇਕ ਸਹਾਬੀ ਹਨ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ। ਬਦਰ ਦੀ ਜੰਗ ਤੋਂ ਪਹਿਲਾਂ ਇਸਲਾਮ ਵਿੱਚ ਦਾਖ਼ਲ ਹੋਏ । ਉਹਦ ਦੀ ਜੰਗ ਦੇ ਬਾਦ ਇਹਨਾਂ ਦਾ ਨਾਂ ਅਲੋਪ ਹੋ ਗਿਆ । ਹਜ਼ਰਤ ਅਲੀ ਦੀ ਖ਼ਿਲਾਫ਼ਤ ਸਮੇਂ ਪੇਸ਼ ਆਉਣ ਵਾਲੀਆਂ ਸਾਰੀਆਂ ਲੜਾਈਆਂ ਵਿੱਚ ਉਹਨਾਂ ਨਾਲ ਸ਼ਾਮਲ ਹੋਏ ।

ਫਿਰ ਇਕ ਸਹਾਬੀ ਹਨ ਹਜ਼ਰਤ ਮਆਜ਼ ਬਿਨ ਮਾਜ਼ਾਨ । ਬੈਅਰੇ ਮਊਨਾ ਦੀ ਘਟਨਾ ਵਿੱਚ ਇਹਨਾ ਦੀ ਸ਼ਹੀਦੀ ਹੋਈ । ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ । ਆਪ ਦੇ ਨਾਲ ਆਪ ਦੇ ਭਰਾ ਆਇਜ਼ ਬਿਨ ਮਾਅਜ਼ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ ।

ਫਿਰ ਹਜ਼ਰਤ ਸਾਅਦ ਬਿਨ ਜ਼ੈਦੁਲ ਅਸ਼ਅਰੀ ਇਸ ਸਹਾਬੀ ਸਨ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਕਈਆਂ ਦਾ ਵਿਚਾਰ ਹੈ ਕਿ ਬੈਅਤੇ ਉਕਬਾ ਵਿੱਚ ਵੀ ਸ਼ਾਮਲ ਹੋਏ । ਬਦਰ, ਉਹਦ, ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਰਿਵਾਇਤ ਹੈ ਕਿ ਹਜ਼ਰਤ ਸਾਅਦ ਬਿਨ ਜ਼ੈਦ ਨੇ ਇਕ ਨਜਰਾਨੀ ਤਲਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਤੁਹਫ਼ੇ ਵੱਜੋਂ ਦਿੱਤੀ ਸੀ ਆਪ ਨੇ ਉਹ ਤਲਵਾਰ ਹਜ਼ਰਤ ਮੁਹਮੱਦ ਬਿਨ ਮਸਲਮਾ ਨੂੰ ਭੇਂਟ ਕਰ ਦਿੱਤੀ ਅਤੇ ਫ਼ਰਮਾਇਆ ਸੀ ਕਿ ਇਸ ਨਾਲ ਰੱਬ ਦੇ ਮਾਰਗ ਵਿੱਚ ਜਿਹਾਦ ਕਰਨਾ ਅਤੇ ਜੱਦ ਲੋਕ ਆਪੋ ਵਿੱਚ ਮਤਿਭੇਦ ਕਰਨ ਲਗੱਣ ਤਾਂ ਇਸ ਨੂੰ ਪਥੱਰ ਉਪੱਰ ਦੇ ਮਾਰਨਾ ਅਤੇ ਘਰ ਵਿੱਚ ਵੜ ਜਾਣਾ ਅਰਥਾਤ ਕਿਸੇ ਪ੍ਰਕਾਰ ਦੇ ਫ਼ਿਤਨੇ ਫ਼ਸਾਦ ਵਿੱਚ ਸ਼ਾਮਲ ਨਹੀਂ ਹੋਣਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਕਰੇ ਇਹਨਾਂ ਗਲੱਾਂ ਉਪੱਰ ਅਮਲ ਕਰਨ ਵਾਲੇ ਅੱਜ ਕਲ ਉਹ ਮੁਸਲਮਾਨ ਵੀ ਹੋਣ ਜੋ ਇਕ ਦੂਜੇ ਦੀਆਂ ਗਰਦਨਾ ਕੱਟ ਰਹੇ ਹਨ ਅਤੇ ਦੁਨੀਆ ਵਿੱਚ ਅਮਨ ਕਾਇਮ ਹੋਵੇ । ਅਲੱਾਹ ਤਆਲਾ ਇਹਨਾ ਸਹਾਬਾ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ਅਤੇ ਸਾਨੂੰ ਵੀ ਨੇਕੀਆਂ ਕਰਨ ਅਤੇ ਕੁਰਬਾਨੀਆਂ ਕਰਨ ਤੇ ਨੇਕੀ ਤੇ ਵਫ਼ਾਦਾਰੀ ਅਨੁਸਾਰ ਆਪਣੇ ਜੀਵਨ ਲੰਘਾਉਣ ਦੀ ਤੌਫ਼ੀਕ ਪਰਦਾਨ ਕਰੇ ।

**Khulasa Khutba Jumma 23.11.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131